# ਵਿਸ਼ੇਸ਼ ਪ੍ਰੀ-ਐਪਲੀਕੇਸ਼ਨ ਸਰਵਿਸ ਗਾਈਡ

## ? ਤੁਹਾਨੂੰ ਕੀ ਜਾਣਨ ਦੀ ਲੋੜ ਹੈ

- ਸੈਕੰਡਰੀ ਸੁਈਟ ਨੂੰ ਸਟਰਾਟਾ-ਟਾਈਟਲ ਨਹੀਂ ਦਿੱਤਾ ਜਾ ਸਕਦਾ ਤੇ ਨਾ ਹੀ ਵੇਚਿਆ ਜਾ ਸਕਦਾ ਹੈ।
- ਬੀ ਸੀ ਬਿਲਡਿੰਗ ਕੋਡ ਦੁਆਰਾ ਇੱਕ ਪਰਿਵਾਰ ਵਾਲੇ ਅਣ ਜੁੜੇ ਮਕਾਨ ਵਿੱਚ ਸਿਰਫ਼ ਇੱਕ ਸੈਕੰਡਰੀ ਸੁਈਟ ਦੀ ਇਜਾਜ਼ਤ ਹੈ।
- ਇੱਕ ਡੁਪਲੈਕਸ ਵਿੱਚ ਦੋ ਸੁਈਟਾਂ ਹੋ ਸਕਦੀਆਂ ਹਨ; ਹਰ ਹਾਲਤ ਵਿਚ ਇਕ ਪਾਸੇ ਸਿਰਫ਼ ਇੱਕ ਸੁਈਟ ਦੀ ਇਜਾਜ਼ਤ ਹੈ ਅਤੇ ਇਹ ਡੁਪਲੈਕਸ ਦੇ ਹੇਠਲੇ ਹਿੱਸੇ ਵਿੱਚ ਸਥਿਤ ਹੋਣੀ ਚਾਹੀਦੀ ਹੈ।
- ਸੈਕੰਡਰੀ ਸੁਈਟ ਲਈ ਕੋਈ ਵੀ 'ਫਾਇਰ ਐਂਡ ਲਾਈਫ਼ ਸੇਫ਼ਟੀ' ਅੱਪਗ੍ਰੇਡ ਕੰਮ ਕਰਨ ਤੋਂ ਪਹਿਲਾਂ ਸਿਟੀ ਆਫ਼ ਡੈਲਟਾ ਦੁਆਰਾ ਜਾਰੀ ਬਿਲਡਿੰਗ ਪਰਮਿਟ ਦੀ ਲੋੜ ਹੁੰਦੀ ਹੈ।

ਮਕਾਨ ਮਾਲਕਾਂ ਲਈ ਇੱਕ ਪ੍ਰਵਾਨਿਤ ਸੈਕੰਡਰੀ ਸੁਈਟ ਨੂੰ ਨੇਪਰੇ ਚਾੜ੍ਹਨ ਦੀ ਪ੍ਰਕਿਰਿਆ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਇਸ ਸਰਵਿਸ ਗਾਈਡ ਵਿੱਚ ਤਕਨੀਕੀ ਵੇਰਵਿਆਂ ਸਮੇਤ ਤਰੀਕੇ ਵਰਣਨ ਕੀਤੇ ਗਏ ਹਨ। ਹਰ ਹਾਲਤ ਵਿਚ ਇਸ ਗਾਈਡ ਨੂੰ ਸਿਰਫ਼ ਜਾਣਕਾਰੀ ਹਿੱਤ ਹੀ ਮੰਨਿਆ ਜਾਣਾ ਚਾਹੀਦਾ ਹੈ ਨਾ ਕਿ ਇੱਕ ਕਾਨੂੰਨੀ ਦਸਤਾਵੇਜ਼। ਜੇਕਰ ਇਸ ਗਾਈਡ ਅਤੇ ਸਬੰਧਿਤ 'ਸਿਟੀ ਆਫ਼ ਡੈਲਟਾ ਬਾਈ ਲਾਅ' ਅਤੇ ਲਾਗੂ 'ਬੀ ਸੀ ਬਿਲਡਿੰਗ ਕੋਡ' ਵਿਚਕਾਰ ਭਿੰਨਤਾਵਾਂ ਹੋਣ ਤਾਂ 'ਸਿਟੀ ਆਫ਼ ਡੈਲਟਾ ਬਾਈ ਲਾਅ' ਅਤੇ 'ਬੀ ਸੀ ਬਿਲਡਿੰਗ ਕੋਡ' ਦੀ ਭਾਸ਼ਾ ਕਾਨੂੰਨੀ ਅਥਾਰਿਟੀ ਹੋਵੇਗੀ।

## ਸੀਮਤ ਸਮੇਂ ਲਈ ਪੇਸ਼ਕਸ਼

**ਹੇਠਾਂ ਲਿਖਿਆਂ ਲਈ ਸਰਵਿਸ ਫ਼ੀਸਾਂ ਮੁਫ਼ਤ ਹਨ:**

- ਪ੍ਰੀ-ਐਪਲੀਕੇਸ਼ਨ ਸਰਵਿਸ ਫ਼ੀਸ
- ਬਿਲਡਿੰਗ ਪਰਮਿਟ ਐਪਲੀਕੇਸ਼ਨ ਫ਼ੀਸ

# ਤੁਹਾਨੂੰ ਕੀ ਕਰਨ ਦੀ ਲੋੜ ਹੈ

## 1 ਆਪਣੀ ਬਿਲਡਿੰਗ ਪਰਮਿਟ ਐਪਲੀਕੇਸ਼ਨ ਜਮ੍ਹਾਂ ਕਰੋ

ਬਿਲਡਿੰਗ ਪਰਮਿਟ ਦੀਆਂ ਅਰਜ਼ੀਆਂ 'ਸਿਟੀ ਆਫ਼ ਡੈਲਟਾ' ਦ **eApply** ਪਲੇਟਫ਼ਾਰਮ 'ਤੇ ਜਮ੍ਹਾਂ ਕਰਵਾਉਣੀਆਂ ਜ਼ਰੂਰੀ ਹਨ। ਆਪਣੀ ਅਰਜ਼ੀ ਜਮ੍ਹਾਂ ਕਰਵਾਉਣ ਲਈ **deltaonline.ca** 'ਤੇ ਜਾਓ ਅਤੇ "ਪਰਮਿਟ ਐਂਡ ਡਿਵੈਲਪਮੈਂਟ ਐਪਲੀਕੇਸ਼ਨਜ਼ -ਐਗਜ਼ਿਸਟਿੰਗ ਸੈਕੰਡਰੀ ਸੁਈਟ" ਉਪਰ ਕਲਿੱਕ ਕਰੋ ਅਤੇ ਫਿਰ ਸੇਧ ਦੀ ਪਾਲਣਾ ਕਰੋ

- ਸਿਟੀ ਸਟਾਫ਼ ਤੁਹਾਡੀ ਨਵੀਂ ਸੈਕੰਡਰੀ ਸੁਈਟ ਲਈ ਦਿੱਤੀ ਅਰਜ਼ੀ ਦੀ ਸਮੀਖਿਆ ਕਰੇਗਾ।
- ਸਮੀਖਿਆ ਪੂਰੀ ਹੋਣ ਤੋਂ ਬਾਅਦ, ਸਿਟੀ ਸਟਾਫ਼ ਤੁਹਾਡੇ ਨਾਲ ਸੰਪਰਕ ਕਰੇਗਾ ਅਤੇ ਸੂਚਿਤ ਕਰੇਗਾ ਕਿ ਤੁਹਾਡਾ ਬਿਲਡਿੰਗ ਪਰਮਿਟ ਜਾਰੀ ਕਰਨ ਲਈ ਤਿਆਰ ਹੈ।
- ਬਿਲਡਿੰਗ ਪਰਮਿਟ ਦੀਆਂ ਸ਼ਰਤਾਂ ਲਈ ਤੁਹਾਨੂੰ ਦਸਤਖ਼ਤ ਕਰਨ ਦੀ ਲੋੜ ਹੋਵੇਗੀ। ਜਦੋਂ ਦਸਤਖ਼ਤ ਹੋ ਗਏ, ਬਿਲਡਿੰਗ ਪਰਮਿਟ ਨੂੰ ਸਰਗਰਮ ਮੰਨਿਆ ਜਾਵੇਗਾ।

## 2 ਜਾਰੀ ਕੀਤਾ ਬਿਲਡਿੰਗ ਪਰਮਿਟ

**ਕੰਸਟਰੱਕਸ਼ਨ ਅੱਪਗ੍ਰੇਡ:**

- ਸੈਕੰਡਰੀ ਸੂਟ ਨੂੰ ਅੱਪਗ੍ਰੇਡ ਕਰਨ ਲਈ ਕੰਮ ਸ਼ੁਰੂ ਕਰੋ।
- ਆਪਣੇ 'ਡੈਲਟਾ ਮਾਈ ਸਿਟੀ' ਖਾਤੇ ਵਿੱਚ ਲੌਗਇਨ ਕਰੋ ਅਤੇ ਤੁਹਾਡੇ ਬਿਲਡਿੰਗ ਪਰਮਿਟ ਵਿਚ ਦਰਜ ਸ਼ਰਤਾਂ ਅਨੁਸਾਰ ਇੰਸਪੈਕਿਸ਼ਨਾਂ ਲਈ ਸਮਾਂ ਤਹਿ ਕਰੋ।

ਇੱਥੋਂ ਹੋਰ ਜਾਣਕਾਰੀ ਲਓ:
**Delta.ca/ExistingSecondarySuites**
604-946-3380 | suites@delta.ca

Facebook **CityofDeltaBC** Twitter **CityofDeltaBC** Instagram **CityofDeltaBC**

[Punjabi]

Delta

# HOME SUITE HOME

## ਮੌਜੂਦਾ ਸੈਕੰਡਰੀ ਸੁਈਟਾਂ

### ਆਪਣੇ ਘਰ ਵਿਚ ਮੌਜੂਦ ਸੈਕੰਡਰੀ ਸੁਈਟ ਦੀਆਂ ਸੰਭਾਵਨਾਵਾਂ ਬਾਰੇ ਜਾਣੋ



## ? ਕੀ ਤੁਸੀਂ ਜਾਣਦੇ ਸੀ?

ਡੈਲਟਾ ਸਿਟੀ ਗੈਰ-ਪ੍ਰਵਾਨਿਤ ਸੈਕੰਡਰੀ ਸੁਈਟ ਵਾਲੇ ਮਕਾਨ ਮਾਲਕਾਂ ਲਈ ਇੱਕ ਵਿਸ਼ੇਸ਼ ਪ੍ਰੀ-ਐਪਲੀਕੇਸ਼ਨ ਸਰਵਿਸ ਦੀ ਪੇਸ਼ਕਸ਼ ਕਰਦਾ ਹੈ। ਇਹ ਸਰਵਿਸ ਮਕਾਨ ਮਾਲਕਾਂ ਨੂੰ ਚੋਣ ਦਿੰਦੀ ਹੈ ਕਿ ਬਿਲਡਿੰਗ ਪਰਮਿਟ ਦਾ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਸਿਟੀ ਆਫ਼ ਡੈਲਟਾ ਦੇ ਸੈਕੰਡਰੀ ਸੁਈਟ ਰਾਜਦੂਤ ਸੈਕੰਡਰੀ ਸੁਈਟ ਦੇਖਣ ਲਈ ਪਹੁੰਚਣ। ਇਸ ਸਰਵਿਸ ਦਾ ਮਕਸਦ ਮਕਾਨ ਮਾਲਕਾਂ ਨੂੰ ਅਰਜ਼ੀ ਦੀ ਪ੍ਰਕਿਰਿਆ ਨੂੰ ਬਿਹਤਰ ਢੰਗ ਨਾਲ ਸਮਝਣ ਵਿਚ ਮਦਦ ਕਰਨਾ ਹੈ।

# ਤਕਨੀਕੀ ਵੇਰਵੇ

ਤੁਹਾਡੀ ਸੈਕੰਡਰੀ ਸੁਈਟ ਬੀ ਸੀ ਬਿਲਡਿੰਗ ਕੋਡ ਦੀਆਂ ਲੋੜਾਂ ਕਿਵੇਂ ਪੂਰਾ ਕਰਦੀ ਹੈ ਨੂੰ ਬਿਹਤਰ ਢੰਗ ਨਾਲ ਸਮਝਣ ਲਈ, ਕਿਰਪਾ ਕਰ ਕੇ ( ੳ ਤੋਂ ਗ) ਸੈਕਸ਼ਨਾਂ ਵਿਚ ਤੁਹਾਡੀ ਸੈਕੰਡਰੀ ਸੁਈਟ ਵਿਚ ਇਸ ਵੇਲੇ ਕੀ ਲੱਗਾ ਹੋਇਆ ਹੈ, ਨੂੰ ਧਿਆਨ ਵਿੱਚ ਰੱਖ ਕੇ ਹਰੇਕ ਖ਼ਾਨੇ ਵਿਚ ਨਿਸ਼ਾਨੀ ਲਾਓ।

## (ੳ) ਸੈਕੰਡਰੀ ਸੁਈਟ ਅੰਦਰ ਕਮਰਿਆਂ ਦੀ ਛੱਤ ਦੀ ਉਚਾਈ

☐ ਸੈਕੰਡਰੀ ਸੁਈਟ ਅੰਦਰ ਸਾਰੇ ਕਮਰਿਆਂ ਦੀ ਛੱਤ ਦੀ ਉਚਾਈ ਘੱਟ ਤੋਂ ਘੱਟ **1.95 ਮੀਟਰ** (6 ਫੁੱਟ 4 ¾ ਇੰਚ) ਹੋਣੀ ਲਾਜ਼ਮੀ ਹੈ।

☐ ਸੈਕੰਡਰੀ ਸੁਈਟ ਵਿਚ ਬੀਮ ਅਤੇ ਡਕਟ ਦੇ ਹੇਠ ਘੱਟੋ-ਘੱਟ ਉਚਾਈ **1.85 ਮੀਟਰ** (6 ਫੁੱਟ 13⁄14 ਇੰਚ) ਹੋਣੀ ਚਾਹੀਦੀ ਹੈ।

## (ਅ) ਬਾਹਰ ਜਾਣ ਦਾ ਰਸਤਾ

☐ ਸੈਕੰਡਰੀ ਸੁਈਟ ਤੋਂ ਬਾਹਰ ਵੱਲ ਸਿੱਧਾ ਤੇ ਸੁਰੱਖਿਅਤ ਰਸਤਾ ਦੇਣਾ ਜ਼ਰੂਰੀ ਹੈ।

☐ ਗਰਾਜ ਜਾਂ ਸਰਵਿਸ ਰੂਮ ਰਾਹੀਂ ਬਾਹਰ ਦਾ ਰਸਤਾ ਦੇਣ ਦੀ ਆਗਿਆ ਨਹੀਂ ਹੈ।

☐ ਸਾਰੇ ਸੌਣ ਵਾਲੇ ਕਮਰਿਆਂ (ਬੈੱਡ ਰੂਮ) ਵਿੱਚ ਖਿੜਕੀ ਹੋਣੀ ਜ਼ਰੂਰੀ ਹੈ, ਜਿਸ ਰਾਹੀਂ ਸੰਕਟ ਵੇਲੇ ਬਾਹਰ ਨਿਕਲਣ ਦੀ ਗੁੰਜਾਇਸ਼ ਹੋਵੇ। ਖਿੜਕੀ ਦੀ ਬਿਨਾਂ ਰੁਕਾਵਟ ਵਿੱਥ 0.35 ਵਰਗ ਮੀਟਰ (3.77 ਵਰਗ ਫੁੱਟ) ਤੋਂ ਘੱਟ ਨਾ ਹੋਵੇ ਅਤੇ ਕੋਈ ਵੀ ਬਾਹੀ 380 ਮਿਲੀਮੀਟਰ (15 ਇੰਚ) ਤੋਂ ਘੱਟ ਨਾ ਹੋਵੇ।

## (ੲ) ਫਾਇਰ ਸੈਪਰੇਸ਼ਨ

☐ ਸੈਕੰਡਰੀ ਸੁਈਟ ਦੀ ਛੱਤ ਅਤੇ ਸਾਰੀਆਂ ਕੰਧਾਂ, ਜਿਹੜੀਆਂ ਉਸ ਨੂੰ ਮੁੱਖ ਮਕਾਨ ਤੋਂ ਵੱਖ ਕਰਦੀਆਂ ਹਨ, ਦੇ ਦੋਨੋਂ ਪਾਸੇ ਘੱਟੋ ਘੱਟ 12.7 ਮਿਲੀਮੀਟਰ (½ ਇੰਚ) ਦੀਆਂ ਡਰਾਈ ਵਾਲ ਦੀਆਂ ਕੰਧਾਂ ਹੋਣੀਆਂ ਚਾਹੀਦੀਆਂ ਹਨ।

☐ ਸੈਕੰਡਰੀ ਸੁਈਟ ਅਤੇ ਮਕਾਨ ਦੇ ਮੁੱਖ ਹਿੱਸੇ ਨੂੰ ਵੱਖ ਕਰਨ ਵਾਲੀਆਂ ਛੱਤਾਂ ਅਤੇ ਸਾਰੀਆਂ ਕੰਧਾਂ ਦੀ ਡਰਾਈ ਵਾਲ ਦੇ ਇੱਕ ਪਾਸੇ 400 ਮਿਲੀਮੀਟਰ (16 ਇੰਚ) ਜਾਂ 600 ਮਿਲੀਮੀਟਰ (24 ਇੰਚ) ਦੀ ਵਿੱਥ ਨਾਲ ਵਿਚਕਾਰ ਕਰ ਕੇ ਲਚਕਦਾਰ ਮੈਟਲ ਚੈਨਲ ਲਾਉਣੇ ਜ਼ਰੂਰੀ ਹਨ। ਇਸ ਤੋਂ ਇਲਾਵਾ ਮੈਟਲ ਚੈਨਲ ਦੇ ਉਪਰ 12.7 ਮਿਲੀਮੀਟਰ (½ ਇੰਚ) ਦੀ ਡਰਾਈ ਵਾਲ ਲਾਉਣੀ ਜ਼ਰੂਰੀ ਹੈ।

## (ਸ) ਸਮੋਕ ਅਲਾਰਮ

☐ ਸੈਕੰਡਰੀ ਸੁਈਟ ਦੇ ਹਰੇਕ ਸੌਣ ਵਾਲੇ ਕਮਰੇ ਅਤੇ ਹਾਲ ਵੇਅ ਵਿਚ ਫ਼ੋਟੋ-ਇਲੈਕਟ੍ਰਿਕ ਸਮੋਕ ਅਲਾਰਮ ਲੱਗੇ ਹੋਣੇ ਚਾਹੀਦੇ ਹਨ ਅਤੇ ਪੱਕੀ ਤਰ੍ਹਾਂ ਨਾਲ ਇਲੈਕਟ੍ਰੀਕਲ ਸਰਕਟ (ਹਾਰਡ ਵਾਇਰਡ) ਨਾਲ ਜੁੜੇ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਸਮੋਕ ਅਲਾਰਮ ਆਪਸ ਵਿਚ ਵੀ ਜੁੜੇ ਹੋਣੇ ਚਾਹੀਦੇ ਹਨ ਤਾਂ ਕਿ ਇਕ ਅਲਾਰਮ ਦੇ ਚੱਲਣ ਨਾਲ ਸੈਕੰਡਰੀ ਸੁਈਟ ਵਿੱਚ ਲੱਗੇ ਸਾਰੇ ਅਲਾਰਮ ਅਵਾਜ਼ ਕਰਨ।

☐ ਇਕ ਵਾਧੂ ਸਮੋਕ ਅਲਾਰਮ ਮਕਾਨ ਦੇ ਮੁੱਖ ਹਿੱਸੇ ਅਤੇ ਇਕ ਵਾਧੂ ਸੈਕੰਡਰੀ ਸੁਈਟ ਵਿੱਚ ਜ਼ਰੂਰ ਲੱਗਾ ਹੋਣਾ ਚਾਹੀਦਾ ਹੈ, ਜਿਹੜੇ ਆਪਸ ਵਿੱਚ ਜੁੜੇ ਹੋਣ ਤਾਂ ਕਿ ਇਸ ਵਾਧੂ ਸਮੋਕ ਅਲਾਰਮ ਦੇ ਚੱਲਣ ਨਾਲ ਦੂਜਾ ਵਾਧੂ ਵੀ ਅਵਾਜ਼ ਪੈਦਾ ਕਰੇ।

## (ਹ) ਕਾਰਬਨ ਮੋਨੋਆਕਸਾਈਡ (ਸੀ ਓ) ਅਲਾਰਮ

☐ **ਜੇ** ਇਮਾਰਤ ਵਿਚ ਨੈਚੁਰਲ ਗੈਸ ਨਾਲ ਚੱਲਣ ਵਾਲੀ ਫਰਨੈੱਸ ਜਾਂ ਨੈਚੁਰਲ ਗੈਸ ਨਾਲ ਚੱਲਣ ਵਾਲਾ ਹਾਟ ਵਾਟਰ ਟੈਂਕ ਲੱਗਿਆ ਹੈ ਤਾਂ ਉਤਪਾਦਕ ਦੀਆਂ ਹਦਾਇਤਾਂ ਅਨੁਸਾਰ ਦੱਸੀਆਂ ਥਾਵਾਂ ਉਪਰ ਕਾਰਬਨ ਮੋਨੋਆਕਸਾਈਡ ਅਲਾਰਮ ਲਾਉਣੇ ਜ਼ਰੂਰੀ ਹਨ। ਮਕਾਨ ਦੇ ਮੁੱਖ ਹਿੱਸੇ ਅਤੇ ਸੈਕੰਡਰੀ ਸੁਈਟ ਵਿੱਚ ਕਾਰਬਨ ਮੋਨੋਆਕਸਾਈਡ ਅਲਾਰਮ ਲੱਗੇ ਹੋਣੇ ਚਾਹੀਦੇ ਹਨ, ਜਿਹੜੇ ਆਪਸ ਵਿਚ ਜੁੜੇ ਹੋਣ ਤਾਂ ਕਿ ਇਕ ਕਾਰਬਨ ਮੋਨੋਆਕਸਾਈਡ ਅਲਾਰਮ ਦੇ ਚੱਲਣ ਨਾਲ ਦੂਜਾ ਅਲਾਰਮ ਵੀ ਅਵਾਜ਼ ਪੈਦਾ ਕਰੇ।

## (ਕ) ਹੀਟਿੰਗ

**ਹੇਠ ਦਿਤੀਆਂ ਤਿੰਨ ਚੋਣਾਂ ਵਿੱਚੋਂ ਕਿਸੇ ਵੀ ਲਈ ਸੈਕੰਡਰੀ ਸੁਈਟ ਵਿੱਚ ਇਕ ਵੱਖਰਾ ਹੀਟਿੰਗ ਕੰਟਰੋਲ ਕਰਨ ਵਾਲਾ ਥਰਮੋਸਟੈਟ ਹੋਣਾ ਚਾਹੀਦਾ ਹੈ:**

☐ ਸਾਰੀ ਸੈਕੰਡਰੀ ਸੁਈਟ ਵਾਲੇ ਏਰੀਏ ਵਿੱਚ ਇਲੈਕਟ੍ਰਿਕ ਬੇਸ ਬੋਰਡ ਹੀਟਰ ਹਨ।

☐ ਸਿਰਫ਼ ਸੈਕੰਡਰੀ ਸੁਈਟ ਨੂੰ ਨਿੱਘਾ ਕਰਨ ਲਈ ਮਕਾਨ ਦੇ ਮੁੱਖ ਹਿੱਸੇ ਤੋਂ ਵੱਖਰਾ ਸੁਤੰਤਰ ਫਰਨੈੱਸ ਅਤੇ ਡਕਟਿੰਗ ਸਿਸਟਮ ਹੈ।

☐ ਹੀਟਿੰਗ ਸਿਸਟਮ, ਜਿਹੜਾ ਮਕਾਨ ਦੇ ਮੁੱਖ ਹਿੱਸੇ ਅਤੇ ਸੈਕੰਡਰੀ ਸੁਈਟ ਦੋਹਾਂ ਨੂੰ ਗਰਮ ਕਰਦਾ ਹੈ; ਕੋਈ ਵੀ ਹੀਟਿੰਗ ਡਕਟ, ਜਿਸ ਦਾ ਸਿਰਾ ਸੈਕੰਡਰੀ ਸੁਈਟ ਦੀ ਛੱਤ ਵਿਚ ਮੁੱਕਦਾ ਹੋਵੇ, ਦੇ ਹੀਟਿੰਗ ਇੰਡ-ਬੂਟ ਵਿਚ ਫਾਇਰ-ਡੈਂਪਰ ਡਵਾਈਸ ਲੱਗਿਆ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਡਕਟ ਸੈਸਟਮ ਵਿੱਚ ਡਕਟ ਟਾਈਪ ਸਮੋਕ ਡੀਟੈਕਟਰ ਵੀ ਲੱਗਿਆ ਹੋਣਾ ਚਾਹੀਦਾ ਹੈ, ਜਿਹੜਾ ਡਕਟ ਸਿਸਟਮ ਵਿੱਚ ਧੂੰਆਂ ਹੋਣ ਦੀ ਹਾਲਤ ਵਿੱਚ ਫਰਨੈੱਸ ਦੇ ਪੱਖੇ ਨੂੰ ਬੰਦ ਕਰ ਦੇਵੇ।

## (ਖ) ਵੈਂਟੀਲੇਸ਼ਨ

☐ ਸੈਕੰਡਰੀ ਸੁਈਟ ਵਿੱਚ ਇਸ ਦਾ ਆਪਣਾ ਵੱਖਰਾ ਪੱਖਾ ਹੋਣਾ ਚਾਹੀਦਾ ਹੈ, ਜਿਹੜਾ ਸੁਈਟ ਵਿਚ ਸਥਿਤ ਹੋਵੇ।

☐ ਸੈਕੰਡਰੀ ਸੁਈਟ ਵਿੱਚ ਵਾਪਸੀ ਹਵਾ ਦੇ ਵਾਧੂ ਡਕਟਿੰਗ ਆਊਟਲੈਂਟ ਜਾਂ ਇਸ ਤੋਂ ਇਲਾਵਾ ਹੋਰ ਸਾਧਨ ਹੋਣੇ ਚਾਹੀਦੇ ਹਨ।

☐ ਸੈਕੰਡਰੀ ਸੁਈਟ ਦੇ ਬੈੱਡਰੂਮਾਂ ਦੇ ਦਰਵਾਜ਼ਿਆਂ ਹੇਠ 12 ਮਿਲੀਮੀਟਰ (½ ਇੰਚ) ਦੀ ਵਿੱਥ ਹੋਣੀ ਚਾਹੀਦੀ ਹੈ।

☐ ਬਾਥਰੂਮਾਂ ਅਤੇ ਕਿਚਨ ਦੇ ਐਗਜ਼ਾਸਟ ਫ਼ੈਨ ਲਈ ਛੱਤ ਵਾਲੇ ਲੱਕੜ ਦੇ ਜੌਇਸਟ ਵਾਲੀ ਥਾਂ ਵਾਧੂ ਡਰਾਈ ਵਾਲ ਨਾਲ ਭਰਨ ਦੀ ਜ਼ਰੂਰਤ ਹੋ ਸਕਦੀ ਹੈ।
*ਇਨਸਪੈਕਸ਼ਨ ਮੌਕੇ ਬਿਲਡਿੰਗ ਇੰਸਪੈਕਟਰ ਇਸ ਬਾਰੇ ਤਸਦੀਕ ਕਰਦਾ ਹੈ।

## (ਗ) ਦਰਵਾਜ਼ੇ

☐ ਮਕਾਨ ਦੇ ਮੁੱਖ ਹਿੱਸੇ ਅਤੇ ਸੈਕੰਡਰੀ ਸੁਈਟ ਵਿਚਕਾਰਲਾ ਦਰਵਾਜ਼ਾ ਘੱਟੋ-ਘੱਟ 20 ਮਿੰਟ ਫਾਇਰ ਰੇਟਡ ਦਰਵਾਜ਼ਾ ਹੋਵੇ **ਜਾਂ** 45 ਮਿਲੀਮੀਟਰ ਮੋਟਾ ਸੌਲਿਡ ਕੋਰ ਲੱਕੜ ਦਾ ਦਰਵਾਜ਼ਾ, ਜਿਹੜਾ 38 ਮਿਲੀਮੀਟਰ (1 ½ ਇੰਚ)ਮੋਟੇ ਲੱਕੜ ਦੇ ਫਰੇਮ ਵਿੱਚ ਲੱਗਾ ਹੋਵੇ ਅਤੇ ਉਸ ਨਾਲ ਵੈਦਰ ਸਟਰਿਪਿੰਗ ਅਤੇ ਸੈਲਫ਼ – ਕਲੋਜ਼ਿੰਗ ਡਵਾਈਸ (ਸੈਲਫ਼-ਕਲੋਜ਼ਿੰਗ ਹਿੰਜ ਵੀ ਪ੍ਰਵਾਨਿਤ ਹਨ) ਲੱਗਾ ਹੋਵੇ।

☐ ਸੈਕੰਡਰੀ ਸੁਈਟ ਦੇ ਬਾਹਰਲੇ ਪ੍ਰਵੇਸ਼ ਦਰਵਾਜ਼ੇ ਵਿੱਚ ਝਰੋਖਾ (ਪੀਪ-ਹੋਲ) ਜਾਂ ਪਾਰਦਰਸ਼ੀ ਗਲੇਜ਼ਿੰਗ ਹੋਵੇ।

☐ B ਅੱਖਰ ਅਤੇ ਤੀਰ ਦਾ ਚਿੰਨ੍ਹ, ਜਿਹੜਾ ਸੈਕੰਡਰੀ ਸੁਈਟ ਦੇ ਪ੍ਰਵੇਸ਼ ਵੱਲ ਇਸ਼ਾਰਾ ਕਰਦਾ ਹੋਵੇ, ਮਕਾਨ ਦੇ ਮੂਹਰੇ ਲੱਗਿਆ ਹੋਵੇ ਅਤੇ ਇਹ ਸੜਕ ਤੋਂ ਸਾਫ਼ ਦਿਸਦਾ ਹੋਵੇ।

**ਪਲੰਬਿੰਗ ਇੰਸਪੈਕਿਸ਼ਨਾਂ:**
ਸੈਕੰਡਰੀ ਸੁਈਟ ਦੀ ਪਹਿਲੀ ਇੰਸਪੈਕਸ਼ਨ ਵੇਲੇ ਸਿਟੀ ਆਫ਼ ਡੈਲਟਾ ਦਾ ਸਟਾਫ਼ ਫ਼ੈਸਲਾ ਕਰੇਗਾ ਕਿ ਕੀ ਪਲੰਬਿੰਗ ਇੰਨਸਪੈਕਿਸ਼ਨਾਂ ਦੀ ਜ਼ਰੂਰਤ ਹੈ।

**ਟੈਕਨੀਕਲ ਸੇਫ਼ਟੀ ਬੀ ਸੀ:**
ਪ੍ਰੋਵੈਂਸ਼ੀਅਲ ਇਲੈਕਟ੍ਰੀਕਲ ਪਰਮਿਟਾਂ ਦੀ ਜ਼ਰੂਰਤ ਹੁੰਦੀ ਹੈ ਅਤੇ ਇਹ ਟੈਕਨੀਕਲ ਸੇਫ਼ਟੀ ਬੀ ਸੀ ਰਾਹੀਂ ਲਏ ਜਾ ਸਕਦੇ ਹਨ। ਕ੍ਰਿਪਾ ਕਰ ਕੇ ਉਨ੍ਹਾਂ ਦੇ ਦਫ਼ਤਰ ਨਾਲ ਇਸ ਨੰਬਰ 'ਤੇ ਸੰਪਰਕ ਕਰੋ: 1-866-566-7233 ਜਾਂ ਈਮੇਲ : contact@technicalsafetybc.ca

**ਵਰਕਸੇਫ਼ ਬੀ ਸੀ :**
1990 ਤੋਂ ਪਹਿਲਾਂ ਬਣੇ ਮਕਾਨਾਂ ਦੀਆਂ ਯੋਜਨਾਵਾਂ ਲਈ ਹੈਜ਼ਡਸ ਮਾਟੀਰੀਅਲਜ਼ ਨੋਟਿਸ ਦੀ ਜ਼ਰੂਰਤ ਪੈ ਸਕਦੀ ਹੈ। ਐਸਬਿਸਟਸ ਰੀਮੂਵਲ ਸਮੇਤ ਹੋਰ ਜਾਣਕਾਰੀ ਲਈ, ਕ੍ਰਿਪਾ ਕਰ ਕੇ ਇਸ ਵੈੱਬਸਾਈਟ 'ਤੇ ਜਾਓ: www.worksafebc.com